ਹਰ ਚਾਰ ਸਾਲਾਂ ਬਾਅਦ, ਸਿਟੀ ਤੁਹਾਡੇ ਲਈ ਮਹੱਤਵਪੂਰਨ ਚੀਜ਼ਾਂ ਪ੍ਰਦਾਨ ਕਰਨ ਲਈ ਸੇਵਾ ਯੋਜਨਾਵਾਂ ਅਤੇ ਬਜਟ ਬਣਾਉਂਦੀ ਹੈ। ਇਹ ਸਾਡੇ ਸੇਵਾਵਾਂ ਪ੍ਰਦਾਨ ਕਰਨ ਦੇ ਤਰੀਕੇ ਲਈ ਰੋਡਮੈਪ ਅਤੇ ਵਿੱਤੀ ਯੋਜਨਾ ਪ੍ਰਦਾਨ ਕਰਦਾ ਹੈ। 2023-2026 ਸੇਵਾ ਯੋਜਨਾਵਾਂ ਅਤੇ ਬਜਟ ਬਣਾਉਣ ਲਈ ਕੰਮ ਚੱਲ ਰਿਹਾ ਹੈ।

ਇਸ ਸਮੇਂ, ਅਸੀਂ ਸਿਟੀ ਸੇਵਾਵਾਂ ਦੇ ਨਾਲ ਤੁਹਾਡੇ ਤਜਰਬਿਆਂ ਨੂੰ ਹੋਰ ਸਮਝਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ। ਇਹ ਨਵੰਬਰ ਵਿੱਚ ਕੌਂਸਲ ਦੇ ਫੈਸਲਿਆਂ ਨੂੰ ਸੂਚਿਤ ਕਰਨ ਵਿੱਚ ਮਦਦ ਕਰੇਗਾ।

ਕੈਲਗਰੀ ਇੱਕ ਤੇਜ਼ੀ ਨਾਲ ਮੁੜ ਕੇ ਉਭਰਨ ਵਾਲਾ ਸ਼ਹਿਰ ਹੈ। ਵਾਰ-ਵਾਰ, ਅਸੀਂ ਇਕੱਠੇ ਹੁੰਦੇ ਹਾਂ, ਇੱਕ ਦੂਜੇ ਦਾ ਸਮਰਥਨ ਕਰਦੇ ਹਾਂ, ਸਾਡੇ ਤਜਰਬੇ ਤੋਂ ਸਿੱਖਦੇ ਹਾਂ ਅਤੇ ਨਵੇਂ ਟੀਚੇ ਨਿਰਧਾਰਤ ਕਰਨ ਲਈ ਸਾਡੀ ਸਾਂਝੀ ਯਾਤਰਾ ਦੀ ਵਰਤੋਂ ਕਰਦੇ ਹਾਂ। 2023-2026 ਸੇਵਾ ਯੋਜਨਾਵਾਂ ਅਤੇ ਬਜਟਾਂ ਵਿੱਚ, ਪ੍ਰਸ਼ਾਸਨ ਰਿਜ਼ਿਲੀਐਂਟ ਕੈਲਗਰੀ: ਕੌਂਸਲ ਦੀ ਰਣਨੀਤਕ ਦਿਸ਼ਾ 2023-2026 ਨੂੰ ਡਿਲਿਵਰ ਕਰੇਗਾ।

ਵਿਸ਼ਾ 1: ਸੇਵਾਵਾਂ ਅਤੇ ਸੇਵਾ ਪ੍ਰਦਾਨ ਕਰਨ ਬਾਰੇ ਅਜਿਹੇ ਫੈਸਲੇ ਲੈਣ ਵੇਲੇ ਬਰਾਬਰੀ ਅਤੇ ਸਮਾਵੇਸ਼ ਨੂੰ ਧਿਆਨ ਵਿੱਚ ਰੱਖਣਾ ਮਹੱਤਵਪੂਰਨ ਹੈ ਜੋ ਸਾਰੇ ਕੈਲਗਰੀ ਵਾਸੀਆਂ ਨੂੰ ਪ੍ਰਭਾਵਤ ਕਰਦੇ ਹਨ।

ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡਾ ਸ਼ਹਿਰ ਬਰਾਬਰੀ ਵਾਲਾ ਹੋਵੇ। ਇੱਕ ਸ਼ਹਿਰ ਦੇ ਰੂਪ ਵਿੱਚ, ਇਸਦਾ ਮਤਲਬ ਹੈ ਕਿ ਅਸੀਂ ਇਸ ਗੱਲ 'ਤੇ ਵਿਚਾਰ ਕਰਦੇ ਹਾਂ ਕਿ ਕੈਲਗਰੀ ਵਾਸੀਆਂ ਦੁਆਰਾ ਫੈਸਲਿਆਂ, ਨੀਤੀਆਂ, ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਵੱਖਰੇ ਢੰਗ ਨਾਲ ਅਨੁਭਵ ਕਿਵੇਂ ਕੀਤਾ ਜਾਂਦਾ ਹੈ। ਖਾਸ ਤੌਰ 'ਤੇ ਉਹ ਲੋਕ ਜਿਨ੍ਹਾਂ ਨੇ ਇਤਿਹਾਸਿਕ ਤੌਰ 'ਤੇ ਨਸਲਵਾਦ, ਬੇਦਖਲੀ, ਵਿਤਕਰੇ ਅਤੇ ਜ਼ੁਲਮ ਦਾ ਅਨੁਭਵ ਕੀਤਾ ਹੈ, ਅਤੇ ਰੁਕਾਵਟਾਂ ਨੂੰ ਘਟਾਉਣ ਅਤੇ ਬਰਾਬਰੀ, ਨਸਲੀ ਨਿਆਂ ਅਤੇ ਸ਼ਮੂਲੀਅਤ ਨੂੰ ਵਧਾਉਣ ਲਈ ਅਰਥਪੂਰਨ ਤਬਦੀਲੀਆਂ ਕਰਦੇ ਹਨ।

ਇਸ ਵਿੱਚ ਸ਼ਾਮਲ ਹਨ:

- ਸਾਡਾ ਫੇਅਰ ਐਂਟਰੀ ਪ੍ਰੋਗਰਾਮ, ਜੋ ਤੁਹਾਨੂੰ ਇੱਕ ਐਪਲੀਕੇਸ਼ਨ ਨਾਲ ਕਈ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਅਪਲਾਈ ਕਰਨ ਦਿੰਦਾ ਹੈ। ਤੁਹਾਡੀ ਯੋਗਤਾ ਤੁਹਾਡੀ ਆਮਦਨ 'ਤੇ ਅਧਾਰਤ ਹੈ। ਇਹ ਪ੍ਰੋਗਰਾਮ ਸਾਰੇ ਕੈਲਗਰੀ ਵਾਸੀਆਂ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਦੀ ਸਹੂਲਤ ਦਿੰਦਾ ਹੈ।
- ਇਹ ਯਕੀਨੀ ਬਣਾਉਣਾ ਕਿ ਮਨੋਰੰਜਨ ਕੇਂਦਰ, ਪਾਰਕ ਅਤੇ ਹਰੀਆਂ ਥਾਵਾਂ, ਅਤੇ ਹੋਰ ਸਿਟੀ ਸੇਵਾਵਾਂ ਉਹਨਾਂ ਖੇਤਰਾਂ ਵਿੱਚ ਹਨ ਜਿਨ੍ਹਾਂ ਨੂੰ ਉਹਨਾਂ ਦੀ ਲੋੜ ਹੈ।
- ਸਾਡਾ ਕਮਿਊਨਿਟੀ ਸੋਸ਼ਲ ਵਰਕ ਪ੍ਰੋਗਰਾਮ, ਜਿੱਥੇ ਕਮਿਊਨਿਟੀ ਸੋਸ਼ਲ ਵਰਕਰ ਸਮਾਜਿਕ ਮੁੱਦਿਆਂ ਦੀ ਪਛਾਣ ਕਰਨ ਅਤੇ ਆਂਢ-ਗੁਆਂਢ-ਆਧਾਰਿਤ ਹੱਲਾਂ ਲਈ ਮਿਲ ਕੇ ਕੰਮ ਕਰਨ ਲਈ ਨਿਵਾਸੀਆਂ ਨਾਲ ਦਾ ਸਮਰਥਨ ਕਰਦੇ ਹਨ। ਉਹ ਉਹਨਾਂ ਕਮਿਊਨਿਟੀ ਮੈਂਬਰਾਂ ਨਾਲ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ ਜਿਨ੍ਹਾਂ ਨੇ ਸਮਾਜਿਕ ਅਤੇ/ਜਾਂ ਆਰਥਿਕ ਹਾਸ਼ੀਏ 'ਤੇ ਰੱਖੇ ਜਾਣ ਦਾ ਅਨੁਭਵ ਕੀਤਾ ਹੈ ਅਤੇ ਅਜਿਹੇ ਆਂਢਾਂ-ਗੁਆਂਢਾਂ ਵਿੱਚ ਜੋ ਬਰਾਬਰੀ ਸੰਬੰਧੀ ਵਿਚਾਰਾਂ ਦੀ ਵਰਤੋਂ ਕਰਕੇ ਚੁਣੇ ਗਏ ਹਨ।

- ਲਾਭ ਸੰਚਾਲਿਤ ਖਰੀਦ, ਜੋ ਆਰਥਿਕ ਅਤੇ ਸਮਾਜਿਕ ਲਾਭਾਂ ਲਈ ਸਿਟੀ ਦੀ ਖਰੀਦ ਸ਼ਕਤੀ ਦੀ ਵਰਤੋਂ ਕਰਦੀ ਹੈ।
- ਸਾਡਾ ਪੀਰੀਅਡ ਇਕੁਇਟੀ ਪਾਇਲਟ ਪ੍ਰੋਜੈਕਟ, ਜਿੱਥੇ ਚੋਣਵੀਆਂ ਸਿਟੀ ਅਤੇ ਲਾਇਬ੍ਰੇਰੀ ਸਹੂਲਤਾਂ ਵਿੱਚ ਮੁਫ਼ਤ ਪੈਡ ਅਤੇ ਟੈਂਪੋਨ ਉਪਲਬਧ ਹਨ।
- ਅਤੇ ਹੋਰ ਬਹੁਤ ਕੁਝ।

2023-2026 ਸੇਵਾ ਯੋਜਨਾਵਾਂ ਅਤੇ ਬਜਟਾਂ ਵਿੱਚ, ਅਸੀਂ ਬਰਾਬਰੀ, ਨਸਲੀ ਨਿਆਂ ਅਤੇ ਸਮਾਵੇਸ਼ ਨੂੰ ਪ੍ਰਕਿਰਿਆ, ਸੇਵਾ ਯੋਜਨਾਵਾਂ, ਫੈਸਲਿਆਂ ਅਤੇ ਨਿਵੇਸ਼ਾਂ ਵਿੱਚ ਹੋਰ ਜ਼ਿਆਦਾ ਸ਼ਾਮਲ ਕਰਨ ਦਾ ਟੀਚਾ ਰੱਖ ਰਹੇ ਹਾਂ।

ਬਰਾਬਰੀ (ਇਕੁਇਟੀ) ਨੂੰ ਇਹ ਯਕੀਨੀ ਬਣਾਉਣ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਕਿ ਲੋਕ ਇੱਕੋ ਜਿਹੇ ਮੌਕਿਆਂ ਤੱਕ ਪਹੁੰਚ ਪ੍ਰਾਪਤ ਕਰਦੇ ਹਨ ਅਤੇ ਹਰ ਕਿਸੇ ਨੂੰ ਲੋੜੀਂਦਾ ਸਮਰਥਨ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ:** ਤੁਸੀਂ ਸਿਟੀ ਔਫ ਕੈਲਗਰੀ ਦੀਆਂ ਸੇਵਾਵਾਂ, ਪ੍ਰੋਗਰਾਮਾਂ ਅਤੇ ਸੰਚਾਲਨ ਨੂੰ ਵਧੇਰੇ ਬਰਾਬਰੀ ਵਾਲਾ, ਨਸਲੀ ਤੌਰ 'ਤੇ ਨਿਆਂਪੂਰਨ ਅਤੇ ਸੰਮਲਿਤ ਕਰਨ ਵਾਲੇ ਕਿਵੇਂ ਦੇਖਣਾ ਚਾਹੋਗੇ? ਕਿਰਪਾ ਕਰਕੇ ਖਾਸ ਉਦਾਹਰਨਾਂ ਸ਼ਾਮਲ ਕਰੋ ਜੇਕਰ ਤੁਹਾਡੇ ਕੋਲ ਹਨ।

ਵਿਸ਼ਾ 2: ਕੈਲਗਰੀ ਵਾਸੀਆਂ ਨੂੰ ਪ੍ਰਾਪਰਟੀ ਟੈਕਸਾਂ ਅਤੇ ਉਪਭੋਗਤਾ ਫੀਸਾਂ ਦੇ ਸੰਤੁਲਨ ਰਾਹੀਂ ਵਿੱਤੀ ਜ਼ਿੰਮੇਵਾਰੀ ਅਤੇ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਮੁੱਲ ਪ੍ਰਾਪਤ ਕਰਨ ਬਾਰੇ ਉੱਚ ਉਮੀਦਾਂ ਹਨ।

ਅਸੀਂ ਹਮੇਸ਼ਾ ਉਹ ਸਾਰੀਆਂ ਚੀਜ਼ਾਂ ਨਹੀਂ ਕਰ ਸਕਦੇ ਜੋ ਕੈਲਗਰੀ ਵਾਸੀ ਚਾਹੁੰਦੇ ਹਨ ਕਿਉਂਕਿ ਸਾਡੇ ਸਾਧਨ ਸੀਮਤ ਹਨ ਅਤੇ ਸਾਨੂੰ ਟੈਕਸਾਂ ਨੂੰ ਕਿਫਾਇਤੀ ਰੱਖਣ ਦੀ ਲੋੜ ਹੈ। ਇਸ ਲਈ ਅਸੀਂ ਦੇਖਦੇ ਹਾਂ ਕਿ ਪੈਸਾ ਬਚਾਉਣ ਲਈ ਕੁਸ਼ਲਤਾਵਾਂ ਨੂੰ ਲੱਭਦੇ ਹੋਏ ਕਿੱਥੇ ਸੁਧਾਰ ਕੀਤੇ ਜਾ ਸਕਦੇ ਹਨ ਅਤੇ ਅਸੀਂ ਅਗਲੇ ਚਾਰ ਸਾਲਾਂ ਲਈ ਸਭ ਤੋਂ ਮਹੱਤਵਪੂਰਨ ਚੀਜ਼ਾਂ ਨੂੰ ਤਰਜੀਹ ਦਿੰਦੇ ਹੋਏ ਮੁਸ਼ਕਲ ਫੈਸਲੇ ਲੈਂਦੇ ਹਾਂ।

ਸਾਡਾ ਉਦੇਸ਼ ਤੁਹਾਡੇ ਨਾਲ ਉਪਯੋਗੀ ਜਾਣਕਾਰੀ ਸਾਂਝੀ ਕਰਨਾ ਹੈ ਤਾਂ ਜੋ ਤੁਸੀਂ ਦੇਖ ਸਕੋ ਕਿ ਤੁਹਾਡੇ ਪ੍ਰਾਪਰਟੀ ਟੈਕਸ ਡਾਲਰ ਅਤੇ ਉਪਭੋਗਤਾ ਫੀਸਾਂ ਕਿੱਥੇ ਜਾਂਦੀਆਂ ਹਨ। ਇਹ ਕੁਝ ਸਾਧਨ ਹਨ:

- ਤੁਸੀਂ calgary.ca/TaxBreakdown 'ਤੇ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਜਗ੍ਹਾ ਬਣਾਉਣ ਲਈ ਤੁਹਾਡੇ ਪ੍ਰਾਪਰਟੀ ਟੈਕਸ ਡਾਲਰਾਂ ਦਾ ਨਿਵੇਸ਼ ਕਿਵੇਂ ਕੀਤਾ ਜਾਂਦਾ ਹੈ, ਇਸ ਦਾ ਬ੍ਰੇਕਡਾਊਨ ਪ੍ਰਾਪਤ ਕਰ ਸਕਦੇ ਹੋ।
- calgary.ca/FinancialFacts 'ਤੇ ਯੋਜਨਾ ਪ੍ਰਕਿਰਿਆ, ਟੈਕਸ ਡਾਲਰਾਂ ਨੂੰ ਸਮਝਦਾਰੀ ਨਾਲ ਕਿਵੇਂ ਨਿਵੇਸ਼ ਕੀਤਾ ਜਾਂਦਾ ਹੈ, ਅਤੇ ਅਸੀਂ ਸਥਾਨਕ ਸਰਕਾਰਾਂ ਦੇ ਆਧੁਨਿਕੀਕਰਨ ਅਤੇ ਲਾਗਤਾਂ ਨੂੰ ਘਟਾਉਣ ਲਈ ਕਿਹੜੇ ਕਦਮ ਚੁੱਕ ਰਹੇ ਹਾਂ ਬਾਰੇ ਜਾਣੋ।
- ਸਾਡੀਆਂ ਜਵਾਬਦੇਹੀ ਰਿਪੋਰਟਾਂ ਇਸ ਬਾਰੇ ਨਿਯਮਤ ਜਾਣਕਾਰੀ ਪ੍ਰਦਾਨ ਕਰਦੀਆਂ ਹਨ ਕਿ ਅਸੀਂ ਕੌਂਸਲ ਦੁਆਰਾ ਮਨਜ਼ੂਰ ਯੋਜਨਾਵਾਂ ਨੂੰ ਡਿਲਿਵਰ ਕਰਨ ਵਿੱਚ ਕਿਵੇਂ ਤਰੱਕੀ ਕਰ ਰਹੇ ਹਾਂ। ਉਹ ਇੱਕ ਅਜਿਹਾ ਟੂਲ ਪ੍ਰਦਾਨ ਕਰਦੀਆਂ ਹਨ

ਜੋ ਸਾਡੀਆਂ ਚਾਰ ਸਾਲਾਂ ਦੀਆਂ ਸੇਵਾ ਯੋਜਨਾਵਾਂ ਅਤੇ ਬਜਟ ਪ੍ਰਤੀਬੱਧਤਾ ਦੀ ਪ੍ਰਭਾਵੀ ਡਿਲੀਵਰੀ ਦੇ ਪ੍ਰਬੰਧਨ ਵਿੱਚ ਕੌਂਸਲ ਦੀ ਸਹਾਇਤਾ ਕਰਦਾ ਹੈ।

**ਪ੍ਰਸ਼ਨ:** ਤੁਸੀਂ ਹੋਰ ਕਿਸ ਤਰ੍ਹਾਂ ਚਾਹੁੰਦੇ ਹੋ ਕਿ ਸਿਟੀ ਤੁਹਾਨੂੰ ਇਹ ਦਰਸਾਵੇ ਕਿ ਅਸੀਂ ਵਿੱਤੀ ਤੌਰ 'ਤੇ ਜ਼ਿੰਮੇਵਾਰ ਹਾਂ? ਕਿਰਪਾ ਕਰਕੇ ਉਦਾਹਰਣ ਪ੍ਰਦਾਨ ਕਰੋ।

ਵਿਸ਼ਾ 3: ਨਾਗਰਿਕ ਉਮੀਦ ਕਰਦੇ ਹਨ ਕਿ ਸਿਟੀ ਸਮੁੱਚੇ ਸੇਵਾ ਪੱਧਰਾਂ ਨੂੰ ਘਟਾਏ ਬਿਨਾਂ ਕੁਸ਼ਲਤਾਵਾਂ ਅਤੇ ਲਾਗਤਾਂ ਵਿੱਚ ਕਟੌਤੀ ਕਰਨ ਦੀ ਕੋਸ਼ਿਸ਼ ਕਰੇ, ਕਿਉਂਕਿ ਸੇਵਾ ਪੱਧਰ ਕੈਲਗਰੀ ਵਾਸੀਆਂ ਲਈ ਜੀਵਨ ਦੀ ਗੁਣਵੱਤਾ ਨਾਲ ਜੁੜੇ ਹੋਏ ਹਨ।

ਸਿਟੀ ਪ੍ਰਾਪਰਟੀ ਟੈਕਸ-ਸਹਿਯੋਗੀ ਖਰਚੇ ਪਿਛਲੇ ਕਈ ਸਾਲਾਂ ਤੋਂ ਮਹਿੰਗਾਈ ਅਤੇ ਆਬਾਦੀ ਵਾਧੇ ਤੋਂ ਹੇਠਾਂ ਸਨ। ਲਾਗਤ ਵਿੱਚ ਕਟੌਤੀ 'ਤੇ ਨਿਰੰਤਰ ਫੋਕਸ ਦੇ ਨਾਲ, ਸਿਟੀ ਪ੍ਰਾਪਰਟੀ ਟੈਕਸਾਂ ਨੂੰ ਘੱਟ ਰੱਖਣ ਦੇ ਯੋਗ ਰਹੀ ਹੈ।

ਅਸੀਂ ਗੁੰਝਲਦਾਰ ਚੁਣੌਤੀਆਂ ਦਾ ਪ੍ਰਬੰਧਨ ਕਰਨਾ ਜਾਰੀ ਰੱਖਦੇ ਹਾਂ ਜਿਵੇਂ ਕਿ:

- ਕੋਵਿਡ-19 ਨੂੰ ਘਟਾਉਣਾ ਅਤੇ ਰਿਕਵਰੀ;
- ਵਧਦੀ ਮਹਿੰਗਾਈ;
- ਆਰਥਿਕ ਪੁਨਰ ਸੁਰਜੀਤੀ;
- ਸਮਾਜਿਕ ਚਿੰਤਾਵਾਂ ਜਿਵੇਂ ਕਿ ਬਰਾਬਰੀ ਲਈ ਵਿਚਾਰ।

ਇਸ ਤੋਂ ਇਲਾਵਾ, 2022-2026 ਦੇ ਵਿਚਕਾਰ ਕੈਲਗਰੀ ਦੀ ਆਬਾਦੀ 88,000 ਨਿਵਾਸੀਆਂ ਦੁਆਰਾ ਵਧਣ ਦੀ ਭਵਿੱਖਬਾਣੀ ਕੀਤੀ ਗਈ ਹੈ - ਏਅਰਡ੍ਰੀ ਦੀ ਆਬਾਦੀ ਤੋਂ ਵੱਧ। ਵਧਦੀ ਮਹਿੰਗਾਈ ਅਤੇ ਸਹਾਇਕ ਰਿਕਵਰੀ ਤੋਂ ਬਜਟ ਦੀਆਂ ਚੁਣੌਤੀਆਂ ਦੇ ਨਾਲ ਮਿਲਾਕੇ, ਆਬਾਦੀ ਵਿੱਚ ਇਸ ਵਾਧੇ ਦਾ ਮਤਲਬ ਹੈ ਕਿ ਸਾਡੇ ਕੁੱਲ ਪ੍ਰਾਪਰਟੀ ਟੈਕਸ ਮਾਲੀਏ ਵਿੱਚ ਕਮੀ ਜਾਂ 0 ਪ੍ਰਤੀਸ਼ਤ ਤਬਦੀਲੀ ਟਿਕਾਊ ਨਹੀਂ ਹੈ ਜਿਵੇਂ ਅਸੀਂ ਅਗਲੀਆਂ ਸੇਵਾ ਯੋਜਨਾਵਾਂ ਅਤੇ ਬਜਟ ਸਾਈਕਲ ਵਿੱਚ ਜਾਂਦੇ ਹਾਂ।

**ਅਸੀਂ ਸਿਟੀ ਸੇਵਾਵਾਂ ਨੂੰ ਫੰਡ ਕਿਵੇਂ ਦਿੰਦੇ ਹਾਂ**

ਸਿਟੀ ਦੇ ਵਿੱਤ ਗੁੰਝਲਦਾਰ ਹੋ ਸਕਦੇ ਹਨ। ਅਸੀਂ ਕਈ ਵੱਖ-ਵੱਖ ਫੰਡਿੰਗ ਸਰੋਤਾਂ ਦੀ ਵਰਤੋਂ ਕਰਕੇ 2023-2026 ਲਈ ਆਪਣਾ ਬਜਟ ਬਣਾ ਰਹੇ ਹਾਂ, ਜਿਵੇਂ ਕਿ:

- ਫਰੈਂਚਾਈਜ਼ (Franchise) ਫੀਸਾਂ
- ਉਪਭੋਗਤਾ ਫੀਸਾਂ (User fees)
- ਸਰਕਾਰੀ ਗ੍ਰਾਂਟਾਂ
- ਨਿਵੇਸ਼ ਆਮਦਨ

ਇਹ ਸਾਰੇ ਸਰੋਤ ਅਤੇ ਹੋਰ ਬਹੁਤ ਕੁਝ ਬਜਟ ਲਿਫਾਫੇ ਦਾ ਰੂਪ ਧਾਰਦੇ ਹਨ, ਅਗਲੇ ਚਾਰ ਸਾਲਾਂ ਲਈ ਉਪਲਬਧ ਕੁੱਲ ਫੰਡਿੰਗ। ਅਸੀਂ ਪੂਰਵ-ਅਨੁਮਾਨਿਤ ਮਹਿੰਗਾਈ ਅਤੇ ਆਬਾਦੀ ਵਾਧੇ, ਅਨੁਮਾਨਿਤ ਸੰਚਾਲਨ ਮਾਲੀਆ ਅਤੇ ਖਰਚਿਆਂ ਨੂੰ ਦੇਖਦੇ ਹਾਂ, ਅਤੇ ਕੌਂਸਲ ਨੂੰ ਅਨੁਮਾਨਿਤ ਮੁਲਾਂਕਣ ਮੁੱਲ ਦਿਖਾਉਂਦੇ ਹਾਂ।

ਸਿਟੀ ਦੀ ਬਹੁ-ਸਾਲਾ ਕਾਰੋਬਾਰੀ ਯੋਜਨਾ ਅਤੇ ਬਜਟ ਪ੍ਰਕਿਰਿਆ ਚਾਰ-ਸਾਲਾ ਏਕੀਕ੍ਰਿਤ ਯੋਜਨਾਵਾਂ ਅਤੇ ਬਜਟਾਂ ਦੀ ਕੌਂਸਲ ਦੁਆਰਾ ਪ੍ਰਵਾਨਗੀ ਰਾਹੀਂ ਸਿਟੀ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਭਵਿੱਖ-ਮੁਖੀ ਅਤੇ ਟਿਕਾਊ ਪਹੁੰਚ ਨੂੰ ਸਮਰੱਥ ਬਣਾਉਂਦੀ ਹੈ। ਇਹ ਪਹੁੰਚ ਇੱਕ ਸਲਾਨਾ ਅਡਜਸਟਮੈਂਟ ਪ੍ਰਕਿਰਿਆ ਦੁਆਰਾ ਲਚਕਤਾ ਵੀ ਪ੍ਰਦਾਨ ਕਰਦੀ ਹੈ ਜੋ ਸੰਗਠਨ ਨੂੰ ਬਾਹਰੀ ਵਾਤਾਵਰਣ ਵਿੱਚ ਤਬਦੀਲੀਆਂ ਦੇ ਜਵਾਬ ਵਿੱਚ ਆਪਣੀਆਂ ਯੋਜਨਾਵਾਂ ਅਤੇ ਬਜਟਾਂ ਨੂੰ ਅਨੁਕੂਲ ਕਰਨ ਦੀ ਆਗਿਆ ਦਿੰਦੀ ਹੈ।

ਸਿਟੀ ਸਮੇਤ ਹਰ ਕਿਸੇ ਲਈ ਲਾਗਤਾਂ ਵੱਧ ਰਹੀਆਂ ਹਨ। ਇਸ ਸਾਲ ਸਾਲਾਨਾ ਮਹਿੰਗਾਈ ਦਰ ਔਸਤਨ 5.6 ਫੀਸਦੀ ਰਹਿਣ ਦੀ ਉਮੀਦ ਹੈ। ਅਸੀਂ ਅਗਲੇ ਚਾਰ ਸਾਲਾਂ ਵਿੱਚ ਸਾਲਾਨਾ ਪ੍ਰਾਪਰਟੀ ਟੈਕਸ ਬਜਟ ਵਾਧਿਆਂ ਨੂੰ ਔਸਤਨ 3.65 ਪ੍ਰਤੀਸ਼ਤ ਤੱਕ ਸੀਮਤ ਕਰਦੇ ਹੋਏ, ਆਪਣੀਆਂ ਸੇਵਾਵਾਂ ਨੂੰ ਬਰਕਰਾਰ ਰੱਖਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਇਹ ਸਾਡੇ ਬਜਟ ਵਾਧੇ ਨੂੰ ਆਬਾਦੀ ਦੇ ਵਾਧੇ ਅਤੇ ਮਹਿੰਗਾਈ ਦੇ ਸੰਯੁਕਤ ਪ੍ਰਭਾਵਾਂ, ਜੋ ਸਿਟੀ ਦੀਆਂ ਲਾਗਤਾਂ ਨੂੰ ਵਧਾਉਂਦੇ ਹਨ, ਤੋਂ ਹੇਠਾਂ ਰੱਖਣਾ ਜਾਰੀ ਰੱਖੇਗਾ।

**ਪ੍ਰਸ਼ਨ:** ਤੁਸੀਂ ਜੀਵਨ ਦੀ ਗੁਣਵੱਤਾ ਲਈ ਲੋੜੀਂਦੀਆਂ ਸੇਵਾਵਾਂ ਨੂੰ ਕਾਇਮ ਰੱਖਦੇ ਹੋਏ ਸਿਟੀ ਲਈ ਵਧੇਰੇ ਕੁਸ਼ਲ ਬਣਨ ਜਾਂ ਲਾਗਤਾਂ ਨੂੰ ਘਟਾਉਣ ਦੇ ਮੌਕੇ ਕਿੱਥੇ ਦੇਖਦੇ ਹੋ? ਕਿਵੇਂ?

ਵਿਸ਼ਾ 4: ਕੈਲਗਰੀ ਵਾਸੀ ਸਮਝਦੇ ਹਨ ਕਿ ਟਿਕਾਊ ਵਿਕਾਸ ਅਤੇ ਤਬਦੀਲੀ ਵਧੀ ਹੋਈ ਸੇਵਾ ਕੁਸ਼ਲਤਾ ਦਾ ਸਮਰਥਨ ਕਰੇਗੀ।

ਸਿਟੀ ਮੌਜੂਦਾ ਅਤੇ ਭਵਿੱਖ ਦੇ ਨਿਵਾਸੀਆਂ ਅਤੇ ਕਾਰੋਬਾਰਾਂ ਦੇ ਸਮਰਥਨ ਨਾਲ ਭਾਈਚਾਰਿਆਂ ਵਿੱਚ ਟਿਕਾਊ ਵਿਕਾਸ ਅਤੇ ਤਬਦੀਲੀਆਂ ਨੂੰ ਸੰਤੁਲਿਤ ਕਰਨ ਬਾਰੇ ਸੁਚੇਤ ਹੈ। ਅਸੀਂ ਭਾਈਚਾਰਿਆਂ ਦੇ ਉਹਨਾਂ ਤੱਤਾਂ, ਜੋ ਮਹੱਤਵਪੂਰਨ ਹਨ, ਦੀ ਪਛਾਣ ਕਰਨ ਅਤੇ ਉਹਨਾਂ ਨੂੰ ਫੈਸਲੇ ਲੈਣ ਵਿੱਚ ਪ੍ਰਤੀਬਿੰਬਤ ਕਰਨ ਲਈ ਕੰਮ ਕਰ ਰਹੇ ਹਾਂ।

**ਪ੍ਰਸ਼ਨ:** ਜਿਵੇਂ ਭਾਈਚਾਰੇ ਵਧਦੇ ਹਨ ਅਤੇ ਬਦਲਦੇ ਹਨ, ਤੁਸੀਂ ਕੀ ਕਾਇਮ ਰੱਖੇ ਜਾਣਾ ਜਾਂ ਸ਼ਾਮਲ ਕੀਤੇ ਜਾਣਾ ਦੇਖਣਾ ਚਾਹੋਗੇ?

ਸਿਟੀ ਸਾਡੇ ਵਿਕਾਸ ਦੇ ਤਰੀਕੇ ਨੂੰ ਕਿਵੇਂ ਸੁਧਾਰ ਸਕਦੀ ਹੈ?

ਵਿਸ਼ਾ 5: ਸਮੂਹਿਕ ਤੌਰ 'ਤੇ ਇੱਕ ਸ਼ਹਿਰ ਦੇ ਰੂਪ ਵਿੱਚ, ਸਮਾਜਿਕ ਤੰਦਰੁਸਤੀ ਮਹੱਤਵਪੂਰਨ ਹੈ ਅਤੇ ਨਾਗਰਿਕ ਉਮੀਦ ਕਰਦੇ ਹਨ ਕਿ ਸੇਵਾਵਾਂ ਸੁਰੱਖਿਆ, ਸੇਵਾਵਾਂ ਤੱਕ ਪਹੁੰਚ ਅਤੇ ਸਾਰੇ ਕੈਲਗਰੀ ਵਾਸੀਆਂ ਲਈ ਸੰਬੰਧਤ ਹੋਣ ਦੀ ਭਾਵਨਾ ਪੈਦਾ ਕਰਨ ਲਈ ਕਨੈਕਸ਼ਨਾਂ ਨੂੰ ਦਰਸਾਉਣ।

ਅਸੀਂ ਕੈਲਗਰੀ ਵਿੱਚ ਮਾਨਸਿਕ ਸਿਹਤ ਅਤੇ ਨਸ਼ਿਆਂ ਸੰਬੰਧੀ ਮੁੱਦਿਆਂ ਨਾਲ ਰਹਿ ਰਹੇ ਲੋਕਾਂ, ਪਰਿਵਾਰਾਂ ਅਤੇ ਭਾਈਚਾਰਿਆਂ ਲਈ ਉਮੀਦ ਪੈਦਾ ਕਰਨਾ ਅਤੇ ਸਮਰਥਨ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਾਂ। ਇਸਦਾ ਅਰਥ ਘਰ ਵਿੱਚ, ਸਕੂਲ ਵਿੱਚ, ਕੰਮ ਤੇ ਅਤੇ ਸਮਾਜ ਵਿੱਚ ਸੰਪੂਰਨ ਤੰਦਰੁਸਤੀ ਹੈ। ਇਸਦਾ ਅਰਥ ਕੁਨੈਕਸ਼ਨਾਂ ਅਤੇ ਨਸਲਵਾਦ-ਵਿਰੋਧੀ ਮਾਨਸਿਕ ਸਿਹਤ ਅਤੇ ਨਸ਼ਾ-ਮੁਕਤੀ ਸੇਵਾਵਾਂ

ਨਾਲ ਭਰਪੂਰ ਸੇਵਾਵਾਂ ਦਾ ਇੱਕ ਭਾਈਚਾਰਾ ਬਣਾਉਣਾ ਵੀ ਹੈ ਜੋ ਇੰਡਿਜਨਸ, ਕਾਲੇ ਅਤੇ ਵਿਭਿੰਨ ਨਸਲੀ ਲੋਕਾਂ ਸਮੇਤ ਕੈਲਗਰੀ ਵਾਸੀਆਂ ਨੂੰ ਮਦਦ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਦੋਂ, ਜਿੱਥੇ ਅਤੇ ਜਿਵੇਂ ਉਨ੍ਹਾਂ ਨੂੰ ਲੋੜ ਹੁੰਦੀ ਹੈ।

ਇਸ ਵਿੱਚ ਸ਼ਾਮਲ ਹਨ:

- ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਫੰਡਿੰਗ ਫਰੇਮਵਰਕ ਰਾਹੀਂ ਰੋਕਥਾਮ ਅਤੇ ਸਹਾਇਕ ਮਾਨਸਿਕ ਸਿਹਤ ਪ੍ਰੋਗਰਾਮਿੰਗ ਲਈ ਨਿਰਧਾਰਤ ਕੀਤੀ ਗਈ ਫੰਡਿੰਗ
- ਕਮਿਊਨਿਟੀ ਸੇਫਟੀ ਇਨਵੈਸਟਮੈਂਟ ਫਰੇਮਵਰਕ ਰਾਹੀਂ ਸੰਕਟ ਵਿੱਚ ਕੈਲਗਰੀ ਵਾਸੀਆਂ ਲਈ ਸਹਾਇਤਾ ਨੂੰ ਬਿਹਤਰ ਬਣਾਉਣ ਲਈ ਨਿਰਧਾਰਤ ਕੀਤੀ ਗਈ ਫੰਡਿੰਗ
- ਪਰਿਵਾਰ ਅਤੇ ਭਾਈਚਾਰਕ ਸਹਾਇਤਾ ਸੇਵਾਵਾਂ ਰਾਹੀਂ ਨਿਵਾਰਕ ਕਮਿਊਨਿਟੀ ਪ੍ਰੋਗਰਾਮਾਂ ਲਈ ਨਿਰਧਾਰਤ ਕੀਤੀ ਗਈ ਫੰਡਿੰਗ
- ਕੈਲਗਰੀ ਦੀ ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਰਣਨੀਤੀ ਅਤੇ ਕਾਰਜ ਯੋਜਨਾ ਵਿੱਚ ਆਊਟਲਾਈਨ ਕੀਤੀਆਂ ਗਈਆਂ ਕਾਰਵਾਈਆਂ ਨੂੰ ਸੰਗਠਿਤ ਕਰਨ ਲਈ ਭਾਈਵਾਲਾਂ ਨੂੰ ਸੱਦਣਾ
- ਕਮਿਊਨਿਟੀ ਸੋਸ਼ਲ ਵਰਕ ਪ੍ਰੋਗਰਾਮ ਅਤੇਕਮਿਊਨਿਟੀ ਹੱਬ ਇਨੀਸ਼ੀਏਟਿਵਰਾਹੀਂ ਭਾਈਚਾਰੇ ਦੇ ਮੈਂਬਰਾਂ ਲਈ ਕੁਦਰਤੀ ਸਮਰਥਨ, ਸਮਾਵੇਸ਼ ਅਤੇ ਸਬੰਧਤ ਹੋਣ ਨੂੰ ਵਧਾਉਣਾ
- ਬੱਚਿਆਂ ਅਤੇ ਨੌਜਵਾਨਾਂ ਲਈ ਅਜਿਹੇ ਪਹੁੰਚਯੋਗ ਸਮਾਜਿਕ ਪ੍ਰੋਗਰਾਮਾਂ ਦੀ ਪੇਸ਼ਕਸ਼ ਜੋ ਸਕਾਰਾਤਮਕ ਮਾਨਸਿਕ ਸਿਹਤ ਦਾ ਸਮਰਥਨ ਕਰਦੇ ਹਨ
- ਕਮਿਊਨਿਟੀ ਬਿਲਡਿੰਗ ਦਾ ਸਮਰਥਨ ਕਰਨ ਅਤੇ ਗੈਰ ਰਸਮੀ ਸਮਰਥਨਾਂ ਨੂੰ ਮਜ਼ਬੂਤ ਕਰਨ ਦੇ ਮੌਕੇ ਵਜੋਂ ਪਹੁੰਚਯੋਗ ਜਨਤਕ ਪਾਰਕ ਅਤੇ ਖੁੱਲ੍ਹੀਆਂ ਥਾਵਾਂ ਪ੍ਰਦਾਨ ਕਰਨਾ

**ਪ੍ਰਸ਼ਨ:** ਤੁਸੀਂ ਕੀ ਸੋਚਦੇ ਹੋ ਕਿ ਸਿਟੀ ਸੁਰੱਖਿਆ, ਸੇਵਾਵਾਂ ਤੱਕ ਪਹੁੰਚ ਅਤੇ ਕਮਿਊਨਿਟੀ ਕਨੈਕਸ਼ਨ ਨੂੰ ਕਿਵੇਂ ਸੁਧਾਰ ਸਕਦੀ ਹੈ?

ਤੁਸੀਂ ਕੀ ਸੋਚਦੇ ਹੋ ਕਿ ਸਿਟੀ ਇੰਡਿਜਨਸ, ਕਾਲੇ ਅਤੇ ਵਿਭਿੰਨ ਨਸਲੀ ਲੋਕਾਂ ਦੀਆਂ ਲੋੜਾਂ ਨੂੰ ਸ਼ਾਮਲ ਕਰਨ ਲਈ ਮੌਜੂਦਾ ਸੇਵਾਵਾਂ ਵਿੱਚ ਕਿਵੇਂ ਸੁਧਾਰ ਕਰ ਸਕਦੀ ਹੈ?

**ਪ੍ਰਸ਼ਨ:** 2023-2026 ਸੇਵਾ ਯੋਜਨਾਵਾਂ ਅਤੇ ਬਜਟਾਂ ਨੂੰ ਅੰਤਿਮ ਰੂਪ ਦੇਣ ਵੇਲੇ ਕੌਂਸਲ ਅਤੇ ਪ੍ਰਸ਼ਾਸਨ ਲਈ ਹੋਰ ਕਿਹੜੀਆਂ ਚੀਜ਼ਾਂ ਬਾਰੇ ਵਿਚਾਰ ਕਰਨਾ ਮਹੱਤਵਪੂਰਨ ਹੈ? ਕਿਉਂ?